# ਹੁਕਮ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ

1. ਪੰਜਾਬ ਸਕੂਲ ਸਿੱਖਿਆ ਬੋਰਡ ਐਕਟ 1969, ਸੋਧਿਆ ਐਕਟ 1987, 2000 ਅਤੇ 2005 ਦੀ ਧਾਰਾ 16 ਅਤੇ 17 ਅਧੀਨ **ਐਸ.ਟੀ.ਐਸ. ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਨੰਦਪੁਰ ਕਲੌੜ (ਫਤਿਹਗੜ੍ਹ ਸਾਹਿਬ)** ਨੂੰ **ਸੀਨੀਅਰ ਸੈਕੰਡਰੀ (ਸਾਇੰਸ)** ਪੱਧਰ ਤੱਕ ਵਿੱਦਿਅਕ ਸਾਲ 2018-2019 ਤੋਂ ਆਰਜ਼ੀ ਐਫੀਲੀਏਸ਼ਨ ਦਿੱਤੀ ਜਾਂਦੀ ਹੈ।

2. ਸੰਸਥਾ 1-4-2018 ਤੋਂ ਵਿਦਿਅਕ ਸਾਲ 2018-2019 ਲਈ ਕੇਵਲ **ਗਿਆਰਵੀਂ (ਸਾਇੰਸ)** ਸ਼੍ਰੇਣੀ ਦੇ ਪੱਧਰ ਤੱਕ ਦਾਖਲਾ ਕਰੇਗੀ।

3. i) ਸੰਸਥਾ ਨੂੰ ਸੀਨੀਅਰ ਸੈਕੰਡਰੀ (ਸਾਇੰਸ) ਲਈ ਕੇਵਲ 50 ਵਿਦਿਆਰਥੀਆਂ ਦੇ ਇੱਕ ਸੈਕਸ਼ਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਹ ਆਰਜ਼ੀ ਸੰਬੰਧਤਾ ਨਿਮਨ ਸ਼ਰਤਾਂ ਤੇ ਹੋਵੇਗੀ :-

ੳ. ਸੰਸਥਾ ਵੱਲੋਂ ਐਫੀਲੀਏਸ਼ਨ ਵਿਨਿਯਮਾਂ ਅਤੇ ਇਸ ਵਿੱਚ ਸਮੇਂ-2 ਕੀਤੀਆਂ ਜਾਂਦੀਆਂ ਸੋਧਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਅ. ਸੰਸਥਾ, ਐਫੀਲੀਏਸ਼ਨ ਵਿਨਿਯਮ ਦੀ ਧਾਰਾ 11 ਅਨੁਸਾਰ, ਹਰ ਸਾਲ (Preceding Year) 15 ਸਤੰਬਰ ਤੋਂ ਪਹਿਲਾਂ ਸਲਾਨਾ ਪ੍ਰਗਤੀ ਰਿਪੋਰਟ (ਅਨੁਲੱਗ-ਬੀ ਪ੍ਰੋਫਾਰਮਾ ਸਮੇਤ ਦਸਤਾਵੇਜ਼) ਭਰ ਕੇ ਦਫ਼ਤਰ ਵਿਚ ਨਿਰਧਾਰਤ ਫੀਸ ਸਮੇਤ ਜਮ੍ਹਾਂ ਕਰਵਾਏਗੀ। ਐਫੀਲੀਏਸ਼ਨ ਦੀ ਮਿਆਦ ਦੇ ਸਾਲ-ਦਰ-ਸਾਲ ਵਾਧੇ ਲਈ, ਸੰਸਥਾ ਵੱਲੋਂ ਇਸੇ ਸਾਲ ਅਰਥਾਤ 15/9/2018 ਤੱਕ ਨਿਰਧਾਰਤ ਵਾਧਾ ਫੀਸ ਸਮੇਤ ਪ੍ਰਗਤੀ ਰਿਪੋਰਟ ਜਮ੍ਹਾਂ ਕਰਵਾਉਣੀ ਜਰੂਰੀ ਹੈ।

ੲ. ਵਿਨਿਯਮਾਂ ਦੀ ਕਿਸੇ ਵੀ ਸਟੇਜ ਤੇ ਕੀਤੀ ਗਈ ਉਲੰਘਣਾ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਸੰਸਥਾ ਵਿਰੁੱਧ ਵਿਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ।

ਸ. ਸੰਸਥਾ, ਬੋਰਡ ਵੱਲੋਂ ਨਿਰਧਾਰਿਤ ਪਾਠ-ਕ੍ਰਮ ਅਨੁਸਾਰ ਲਗਾਈਆਂ ਪੁਸਤਕਾਂ ਹੀ ਪੜ੍ਹਾਏਗੀ ਅਤੇ ਵਿਦਿਆਰਥੀਆਂ ਤੋਂ ਫੀਸਾਂ ਵੀ ਵਿਨਿਯਮਾਂ ਅਨੁਸਾਰ ਹੀ ਲਈਆਂ ਜਾਣਗੀਆਂ।

ਹ. 'ਨਮਿਤ ਕੁਮਾਰ V/S ਚੰਡੀਗੜ੍ਹ ਪ੍ਰਸ਼ਾਸਨ ਅਤੇ ਹੋਰ' ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਵੱਲੋਂ ਲਿਆ ਗਿਆ ਟਰੈਫਿਕ ਨਿਯਮਾਂ ਬਾਰੇ ਫੈਸਲਾ ਸੰਸਥਾ ਤੇ ਇੰਨ-ਬਿੰਨ ਲਾਗੂ ਹੋਵੇਗਾ।

ਕ. ਸੰਸਥਾ, ਆਪਣੇ ਟੀਚਿੰਗ ਸਟਾਫ ਨੂੰ ਐਫਿਲੀਏਸ਼ਨ ਵਿਨਿਯਮ 7(iii) ਅਨੁਸਾਰ ਘੱਟੋ-ਘੱਟ ਸਰਕਾਰੀ ਸਕੇਲ ਦੀ ਮੁੱਢਲੀ ਤਨਖਾਹ ਦੇ ਬਰਾਬਰ ਦੀ ਅਦਾਇਗੀ Account Payee's Cheque ਰਾਹੀਂ ਅਦਾ ਕਰੇਗੀ।

ਖ. ਪਿਛਲੇ ਪੰਨੇ ਤੇ ਦਰਜ਼ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਵੀ ਕੀਤੀ ਜਾਵੇ।

i) ਸੰਸਥਾ ਨੂੰ ਮਿਡਲ ਪੱਧਰ ਦਾ ਸ਼ਨਾਖਤੀ ਨੰ: ********** ਅਲਾਟ ਕੀਤਾ ਜਾਂਦਾ ਹੈ ।

ii) ਸੰਸਥਾ ਨੂੰ ਮੈਟ੍ਰਿਕ ਪੱਧਰ ਦਾ ਪਹਿਲਾਂ ਅਲਾਟ ਕੀਤਾ ਸ਼ਨਾਖਤੀ ਨੰ: ******* ਰੱਦ ਕੀਤਾ ਜਾਂਦਾ ਹੈ ਅਤੇ ਸੀਨੀਅਰ ਸੈਕੰਡਰੀ ਪੱਧਰ ਦਾ ਸ਼ਨਾਖਤੀ ਨੰ: ******* ਅਲਾਟ ਕੀਤਾ ਜਾਂਦਾ ਹੈ।

iii) ਸੰਸਥਾ ਨੂੰ ਸੀਨੀਅਰ ਸੈਕੰਡਰੀ ਪੱਧਰ ਦਾ ਪਹਿਲਾਂ ਅਲਾਟ ਕੀਤਾ ਸ਼ਨਾਖਤੀ ਨੰ: **FGS-6826** ਹੀ ਜਾਰੀ ਰਹੇਗਾ।

iv) ਨੋਟ:**********************************************************

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ।

ਮਿਤੀ: 16-01-2018
ਨੰਬਰ: ਐਫੀ:/ਪਸਸਬ-2018/.....98770996..... ਮਿਤੀ:.....13/2/18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਸਬੰਧਤ ਸੰਸਥਾ ਮੁੱਖੀ ( Email id: stsschoolhigh@gmail.com, Mob: 99140-16002)।
2. ਜਿਲ੍ਹਾ ਸਿੱਖਿਆ ਅਫ਼ਸਰ(ਸ), ਫਤਿਹਗੜ੍ਹ ਸਾਹਿਬ।
3. ਕੰਟਰੋਲਰ (ਪ੍ਰੀਖਿਆਵਾਂ)।
4. ਉੱਪ-ਸਕੱਤਰ (ਕੰਡਕਟ ਸ਼ਾਖਾ)।
5. ਸਹਾਇਕ ਸਕੱਤਰ (ਰਜਿਸਟਰੇਸ਼ਨ/ਮਾਈਗਰੇਸ਼ਨ ਸ਼ਾਖਾ)।
6. ਵਿਸ਼ਾ ਮਾਹਿਰ (ਕੰਪਿਊਟਰ ਸੈੱਲ) ।
7. ਡਿਪਟੀ ਡਾਇਰੈਕਟਰ (ਓਪਨ ਸਕੂਲ)
8. ਸਪੈਸ਼ਲ ਸਕੱਤਰ/ਚੇਅਰਮੈਨ।
9. ਜਿਲ੍ਹਾ ਮੈਨੇਜਰ, ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਫਤਿਹਗੜ੍ਹ ਸਾਹਿਬ।
10. ਰਿਕਾਰਡਰ ਐਫੀਲੀਏਸ਼ਨ ਸ਼ਾਖਾ ।

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।